Lakeridge Health



Cynthia Davis
ਪ੍ਰੈਜ਼ੀਡੈਂਟ ਅਤੇ CEO



Dr. Tony Stone
ਚੀਫ਼ ਆਫ਼ ਸਟਾਫ਼

## ਮਈ 2021

## ਪਿਆਰੇ ਦੋਸਤੋ ਅਤੇ ਗੁਆਂਢੀਓ,

Lakeridge Health ਦੇ ਲਗਾਤਾਰ ਸਮਰਥਨ ਲਈ ਅਤੇ COVID-19 ਦੇ ਫੈਲਾਅ ਨੂੰ ਰੋਕਣ ਲਈ ਤੁਹਾਡੀਆਂ ਕੋਸ਼ਿਸ਼ਾਂ ਵਾਸਤੇ ਧੰਨਵਾਦ। ਸਾਡੇ ਭਾਈਚਾਰੇ ਅਤੇ ਸਿਹਤ ਦੇਖਭਾਲ ਵਾਲੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦੇ ਹੋਏ, ਅਸੀਂ ਕਰਵ ਨੂੰ ਫਲੈਟ ਕਰ ਰਹੇ ਹਾਂ। **ਸਾਡੀਆਂ ਸਮੂਹਿਕ ਕੋਸ਼ਿਸ਼ਾਂ ਦਾ ਫਲ ਮਿਲ ਰਿਹਾ ਹੈ।**

ਇਹ ਸਹਿਯੋਗ ਇਸ ਗੱਲ ਦੀ ਇੱਕ ਬਹੁਤ ਵੱਡੀ ਮਿਸਾਲ ਹੈ ਕਿ ਅਸੀਂ, ਇੱਕ ਭਾਈਚਾਰੇ ਵਜੋਂ, ਸਾਡੀ ਕਲਪਨਾ, *One System. Best Health (ਇੱਕ ਸਿਸਟਮ। ਬਿਹਤਰੀਨ ਸਿਹਤ)* ਨੂੰ ਸਾਕਾਰ ਕਰ ਰਹੇ ਹਾਂ। ਅਸੀਂ ਉਹਨਾਂ ਸਾਰੇ ਸਿਹਤ ਦੇਖਭਾਲ ਪ੍ਰਦਾਤਾਵਾਂ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹਾਂਗੇ ਹਾਂ ਜਿਹੜੇ ਭਾਈਚਾਰੇ ਦੀ ਰੱਖਿਆ ਕਰਨ ਅਤੇ ਸਿਹਤਮੰਦ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਸਾਡੇ ਨਾਲ ਮਿਲ ਕੇ ਕੰਮ ਕਰ ਰਹੇ ਹਨ।

ਜਿਵੇਂ ਕਿ ਤੁਸੀਂ ਜਾਣਦੇ ਹੋ, ਵਾਇਰਸ ਦਾ ਚਿੰਤਾਜਨਕ ਵੇਰੀਏਂਟ ਮਹਾਂਮਾਰੀ ਦੀ ਇਸ ਤੀਜੀ ਅਤੇ ਸਭ ਤੋਂ ਵੱਧ ਹਮਲਾਵਰ ਲਹਿਰ ਦਾ ਕਾਰਨ ਬਣਿਆ ਹੈ। ਹਾਲਾਂਕਿ, ਮੱਧ ਅਪ੍ਰੈਲ ਤੋਂ ਬਾਅਦ ਪੁਸ਼ਟੀ ਕੀਤੇ ਮਾਮਲਿਆਂ ਦੀ ਗਿਣਤੀ ਹੌਲੀ-ਹੌਲੀ ਘੱਟ ਗਈ ਹੈ, COVID-19 ਕਰਕੇ ਹਸਪਤਾਲ ਵਿੱਚ ਦਾਖਲ ਲੋਕਾਂ ਦੀ ਗਿਣਤੀ, ਅਤੇ ICU ਵਿੱਚ ਦਾਖਲ ਕੀਤੇ ਗਏ ਲੋਕਾਂ ਦੀ ਗਿਣਤੀ, Ontario ਅਤੇ Durham Region ਵਿੱਚ **ਬਹੁਤ ਜ਼ਿਆਦਾ** ਬਣੀ ਹੋਈ ਹੈ।

ਇਸ ਤੀਜੀ ਲਹਿਰ ਨੇ Lakeridge Health ਨੂੰ ਕੁਝ ਮੁਸ਼ਕਲ ਫੈਸਲੇ ਲੈਣ ਲਈ ਮਜਬੂਰ ਕੀਤਾ ਹੈ। ਜਿਵੇਂ ਕਿ ਤੁਸੀਂ ਜਾਣਦੇ ਹੋਵੋਗੇ, ਲੋੜੀਂਦੇ ICU ਅਤੇ ਜ਼ਰੂਰੀ ਦੇਖਭਾਲ ਵਾਲੇ ਬੈੱਡਾਂ ਦੀ ਸੰਖਿਆ ਨੂੰ ਵਧਾਉਣ ਲਈ, ਸਾਨੂੰ ਅਸਥਾਈ ਤੌਰ 'ਤੇ ਗੈਰ-ਐਮਰਜੈਂਸੀ ਸਰਜਰੀਆਂ ਅਤੇ ਐਂਬੂਲਟਰੀ ਸੇਵਾਵਾਂ ਰੋਕਣੀਆਂ ਪਈਆਂ। ਅਜਿਹਾ ਕਰਕੇ, ਅਸੀਂ COVID-19 ਮਰੀਜ਼ਾਂ ਦੀਆਂ ਤਤਕਾਲੀ ਲੋੜਾਂ ਦਾ ਇਲਾਜ ਕਰਨ ਲਈ ਜਗ੍ਹਾ ਅਤੇ ਸਟਾਫ਼ ਨੂੰ ਖਾਲੀ ਕੀਤਾ ਹੈ। ਅਸੀਂ ਇਹਨਾਂ ਸੇਵਾਵਾਂ ਨੂੰ ਜਿੰਨੀ ਜਲਦੀ ਅਸੀਂ ਸੁਰੱਖਿਅਤ ਢੰਗ ਨਾਲ ਕਰ ਸਕਦੇ ਹਾਂ, ਦੁਬਾਰਾ ਸ਼ੁਰੂ ਕਰਨ ਦੀ ਉਮੀਦ ਕਰਦੇ ਹਾਂ।

Lakeridge Health ਦੱਖਣ ਪੂਰਬੀ Ontario ਦੇ ਹਸਪਤਾਲਾਂ ਦੇ ਖੇਤਰੀ ਨੈੱਟਵਰਕ ਦਾ ਵੀ ਇੱਕ ਹਿੱਸਾ ਹੈ। ਪਿਛਲੇ ਕਈ ਹਫ਼ਤਿਆਂ ਦੌਰਾਨ ਸਾਡੇ ਹਸਪਤਾਲ ਨੇ ਹੋਰ ਸਹੂਲਤਾਂ ਤੋਂ ਮਰੀਜ਼ ਪ੍ਰਾਪਤ ਕੀਤੇ ਹਨ ਅਤੇ/ਜਾਂ ਅਸੀਂ ਮਰੀਜ਼ਾਂ ਨੂੰ ਦੂਜੀਆਂ ਸਹੂਲਤਾਂ ਵਿੱਚ ਤਬਦੀਲ ਕੀਤਾ ਹੈ ਤਾਂ ਜੋ ਇਸ ਚੁਣੌਤੀ ਭਰੇ ਸਮੇਂ ਦੌਰਾਨ ਹਰੇਕ ਮਰੀਜ਼ ਦੀ ਸਭ ਤੋਂ ਸੁਰੱਖਿਅਤ ਅਤੇ ਉੱਚ ਗੁਣਵੱਤਾ ਦੀ ਦੇਖਭਾਲ ਨੂੰ ਯਕੀਨੀ ਬਣਾਇਆ ਜਾ ਸਕੇ।

### ਇਕ ਦੂਜੇ ਦਾ ਧਿਆਨ ਰੱਖਣਾ

ਇਹ ਪਿਛਲੇ ਕੁਝ ਮਹੀਨੇ ਪੂਰੇ Lakeridge Health ਸਿਸਟਮ ਵਿੱਚ ਹਰੇਕ ਲਈ ਤਣਾਅਪੂਰਨ ਅਤੇ ਥਕਾ ਦੇਣ ਵਾਲੇ ਰਹੇ ਹਨ। ਸਾਡੀ ਟੀਮ ਦੇ ਮੈਂਬਰਾਂ ਨੇ ਜਿਸ ਤਰੀਕੇ ਨਾਲ ਬੇਮਿਸਾਲ ਦਬਾਅ 'ਤੇ ਪੇਸ਼ੇਵਰਤਾ ਅਤੇ ਹਿੰਮਤ ਨਾਲ ਪ੍ਰਤਿਕਿਰਿਆ ਕੀਤੀ ਹੈ, ਸਾਨੂੰ ਉਸ 'ਤੇ ਬਹੁਤ ਮਾਣ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਬਹੁਤ ਧਿਆਨ ਰੱਖਿਆ ਹੈ ਕਿ ਸਾਡੀ ਟੀਮ ਲਈ ਸਿਹਤ ਅਤੇ ਤੰਦਰੁਸਤੀ ਸੰਬੰਧੀ ਵਾਧੂ ਸਹਾਇਤਾ ਉਪਲਬਧ ਹੋਵੇ, ਅਤੇ ਨਾਲ ਹੀ ਸਾਡੇ ਬਹੁਮੁੱਲੇ ਕਾਰਪੋਰੇਟ ਸਭਿਆਚਾਰ ਨੂੰ ਸੁਰੱਖਿਅਤ ਰੱਖਣ ਅਤੇ ਮਜ਼ਬੂਤ ਕਰਨ ਲਈ ਸੰਚਾਰ ਅਤੇ ਮਾਨਤਾ ਪ੍ਰੋਗਰਾਮਾਂ ਵਿੱਚ ਵਾਧਾ ਕੀਤਾ ਹੈ।

ਅਸੀਂ ਸਾਡੇ ਭਾਈਚਾਰੇ ਵਿੱਚ ਤੁਹਾਡੇ ਵਿੱਚੋਂ ਬਹੁਤ ਸਾਰਿਆਂ ਤੋਂ ਉਤਸ਼ਾਹ ਅਤੇ ਸਹਾਇਤਾ ਦੇ ਬਹੁਤ ਸਾਰੇ ਸੁਨੇਹੇ ਪ੍ਰਾਪਤ ਕਰਨ ਲਈ ਬਹੁਤ ਧੰਨਵਾਦੀ ਹਾਂ – ਸੋਸ਼ਲ ਮੀਡੀਆ ਪੋਸਟਾਂ, ਈਮੇਲਾਂ, ਸੰਪਾਦਕ ਨੂੰ ਚਿੱਠੀਆਂ, ਪੇਂਟ ਕੀਤੇ ਪੱਥਰ, ਬੱਚਿਆਂ ਦੀਆਂ ਡ੍ਰਾਇੰਗਾਂ, ਅਤੇ ਹੋਰ। ਸਾਡੀ ਟੀਮ ਨੇ ਤੁਹਾਡੀ ਹਰੇਕ ਸਕਾਰਾਤਮਕ ਭਾਵਨਾ ਦੀ ਪ੍ਰਸ਼ੰਸਾ ਕੀਤੀ ਹੈ। ਧੰਨਵਾਦ!

## ਟੀਕੇ ਦੀ ਵੰਡ

ਸਾਨੂੰ ਇਸ ਗੱਲ ਤੋਂ ਉਤਸ਼ਾਹ ਮਿਲਿਆ ਹੈ ਕਿ ਤੁਹਾਡੇ ਵਿਚੋਂ ਬਹੁਤ ਸਾਰੇ ਲੋਕ COVID-19 ਟੀਕਾ ਪ੍ਰਾਪਤ ਕਰਨ ਦੀ ਚੋਣ ਕਰ ਰਹੇ ਹਨ। ਕੈਨੇਡੀਅਨ ਬਹੁਤ ਕਿਸਮਤ ਵਾਲੇ ਹਨ ਕਿ ਟੀਕੇ ਹੁਣ ਇੰਨੇ ਵਿਆਪਕ ਤੌਰ 'ਤੇ ਉਪਲਬਧ ਹਨ। ਚੱਲ ਰਹੇ ਸਿਹਤ ਅਤੇ ਸੁਰੱਖਿਆ ਅਭਿਆਸਾਂ ਦੇ ਨਾਲ ਮਿਲ ਕੇ, COVID-19 ਟੀਕਾ ਸਾਨੂੰ ਇਸ ਭਿਆਨਕ ਵਾਇਰਸ ਨੂੰ ਕਾਬੂ ਕਰਨ ਅਤੇ ਆਖਰਕਾਰ ਹਰਾਉਣ ਲਈ ਇੱਕ ਬਿਹਤਰੀਨ ਤਰੀਕਾ ਪੇਸ਼ ਕਰਦਾ ਹੈ।

Durham Region ਵਿੱਚ ਵੱਡੇ ਟੀਕਾਕਰਨ ਕਲੀਨਿਕਾਂ, ਹੋਟ-ਸਪੋਟ ਕਲੀਨਿਕਾਂ, ਮੋਬਾਈਲ ਕਲੀਨਿਕਾਂ, ਕੰਮ ਵਾਲੀ ਥਾਂ ਦੇ ਟੀਕਾਕਰਨ ਕਲੀਨਿਕਾਂ ਅਤੇ ਫਾਰਮੇਸੀਆਂ ਵਿਖੇ ਟੀਕੇ ਦੀਆਂ **300,000** ਤੋਂ ਵੱਧ ਖੁਰਾਕਾਂ ਦਿੱਤੀਆਂ ਗਈਆਂ ਹਨ। ਭਰੋਸਾ ਰੱਖੋ ਕਿ ਜਿਵੇਂ-ਜਿਵੇਂ ਟੀਕੇ ਦੀ ਹੋਰ ਸਪਲਾਈ ਉਪਲਬਧ ਹੋਵੇਗੀ, ਵਧੇਰੇ ਅਪਾਇੰਟਮੈਂਟਾਂ ਖੁੱਲ੍ਹਣਗੀਆਂ। ਤਰਜੀਹੀ ਅਬਾਦੀ ਅਤੇ ਪੂਰੇ ਖੇਤਰ ਵਿੱਚ ਅਪਾਇੰਟਮੈਂਟਾਂ ਦੀ ਉਪਲਬਧਤਾ ਬਾਰੇ ਨਿਯਮਿਤ ਤਾਜ਼ਾ ਜਾਣਕਾਰੀ ਲਈ ਕਿਰਪਾ ਕਰਕੇ Durham Region ਦੀ ਵੈੱਬਸਾਈਟ 'ਤੇ ਜਾਓ।

## ਮਰੀਜ਼ ਅਤੇ ਪਰਿਵਾਰਕ-ਪਹਿਲਾਂ ਹੱਲ

ਇਸ ਮਹਾਂਮਾਰੀ ਨੇ ਇਸ ਬਾਰੇ ਸਾਡੀ ਸੋਚ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਕੀਤੀ ਹੈ ਕਿ ਹਸਪਤਾਲਾਂ ਵਿੱਚ ਅਤੇ ਭਾਈਚਾਰੇ ਵਿੱਚ, ਸਰੋਤਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦਾ ਲਾਭ ਕਿਵੇਂ ਉਠਾਉਣਾ ਹੈ ਅਤੇ ਸਾਡੇ ਕੁਝ ਬਹੁਤ ਕਮਜ਼ੋਰ ਮਰੀਜ਼ਾਂ ਲਈ ਸਹੀ ਥਾਂ 'ਤੇ ਸਹੀ ਦੇਖਭਾਲ ਕਿਵੇਂ ਲੱਭਣੀ ਹੈ। ਪਿਛਲੇ ਕੁਝ ਸਾਲਾਂ ਦੌਰਾਨ Ontario ਦੇ ਬਹੁਤ ਸਾਰੇ ਹਸਪਤਾਲਾਂ ਦੀ ਤਰ੍ਹਾਂ, Lakeridge Health ਨੇ ਹਸਪਤਾਲ ਵਿੱਚ ਰਹਿਣ ਵਾਲੇ ਅਜਿਹੇ ਮਰੀਜ਼ਾਂ ਵਿੱਚ ਮਹੱਤਵਪੂਰਨ ਵਾਧਾ ਵੇਖਿਆ ਹੈ ਜਿਨ੍ਹਾਂ ਨੂੰ ਹੁਣ ਹਸਪਤਾਲ ਦੀ ਗੰਭੀਰ ਪੱਧਰ ਦੀ ਦੇਖਭਾਲ ਦੀ ਲੋੜ ਨਹੀਂ ਹੈ। ਅਸੀਂ ਜਾਣਦੇ ਹਾਂ ਕਿ ਹਸਪਤਾਲ ਦੇ ਮਾਹੌਲ ਵਿੱਚ ਲੰਬੇ ਸਮੇਂ ਤਕ ਠਹਿਰਨ ਦਾ ਨਤੀਜਾ, ਖ਼ਾਸਕਰ ਕਮਜ਼ੋਰ ਬਜ਼ੁਰਗਾਂ ਲਈ, ਬਿਮਾਰੀ ਦਾ ਮੁਕਾਬਲਾ ਕਰਨ ਵਿੱਚ ਕਮਜ਼ੋਰੀ ਅਤੇ ਸਿਹਤ ਵਿਗੜਨ ਦੇ ਰੂਪ ਵਿੱਚ ਹੋ ਸਕਦਾ ਹੈ।

ਸਾਡੀਆਂ ਕਲੀਨਿਕਲ ਟੀਮਾਂ ਹਰੇਕ ਮਰੀਜ਼ ਦੀਆਂ ਲੋੜਾਂ ਅਤੇ ਇੱਛਾਵਾਂ ਲਈ ਇੱਕ ਸਹਿਯੋਗੀ ਪਹੁੰਚ ਅਪਣਾ ਰਹੀਆਂ ਹਨ। ਉਹ ਭਾਈਚਾਰਕ ਭਾਈਵਾਲਾਂ, ਲੰਬੇ ਸਮੇਂ ਦੇ ਕੇਅਰ ਹੋਮਾਂ, ਅਤੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ ਤਾਂ ਜੋ ਅਜਿਹੇ ਬਿਹਤਰ ਹੱਲ ਲੱਭੇ ਜਾ ਸਕਣ ਜੋ ਮਰੀਜ਼ਾਂ ਦੀ ਉਹਨਾਂ ਦੇ ਘਰਾਂ ਜਾਂ ਕਿਸੇ ਹੋਰ ਦੇਖਭਾਲ ਵਾਲੇ ਵਾਤਾਵਰਣ, ਜੋ ਆਦਰਸ਼ ਤੌਰ 'ਤੇ ਉਹਨਾਂ ਦੀਆਂ ਲੋੜਾਂ ਦੇ ਅਨੁਕੂਲ ਹੋਵੇ, ਵਿੱਚ ਵਾਪਸ ਜਾਣ ਵਿੱਚ ਮਦਦ ਕਰ ਸਕਣ।

## ਇਸ ਛੁੱਟੀਆਂ ਵਾਲੇ ਵੀਕਐਂਡ ਦੌਰਾਨ ਸੁਰੱਖਿਅਤ ਰਹੋ

ਅਸੀਂ ਸਮਝਦੇ ਹਾਂ ਕਿ ਮੌਜੂਦਾ ਸੂਬਾਈ ਘਰ-ਰਹੋ (Stay-At-Home) ਆਰਡਰ ਦੇ ਨਤੀਜੇ ਵਜੋਂ ਤੁਹਾਡੇ ਵਿੱਚੋਂ ਬਹੁਤ ਸਾਰਿਆਂ ਲਈ ਨਿਰਾਸ਼ਾ ਪੈਦਾ ਹੋਈ ਹੈ। ਪਰ ਮੌਜੂਦਾ ਸਿਹਤ ਦੇਖਭਾਲ ਸਰੋਤਾਂ ਅਤੇ ਸੁਰੱਖਿਅਤ ਅਤੇ ਹਮਦਰਦੀਪੂਰਨ ਦੇਖਭਾਲ ਪ੍ਰਦਾਨ ਕਰਨ ਦੀ ਸਾਡੀ ਯੋਗਤਾ ਦੀ ਹੋਰ ਦੀ ਰੱਖਿਆ ਕਰਨ ਲਈ, **ਚੌਕਸ ਰਹਿਣਾ** ਅਤੇ **ਜਨਤਕ ਸਿਹਤ ਬਾਰੇ ਨਿਰਦੇਸ਼ਾਂ** ਦੀ **ਪਾਲਣਾ ਕਰਨਾ** ਜਾਰੀ ਰੱਖਣਾ ਮਹੱਤਵਪੂਰਨ ਹੈ - ਵਿਆਪਕ ਮਾਸਕ ਪਹਿਨਣੇ, ਹੱਥਾਂ ਦੀ ਸਫਾਈ, ਸਰੀਰਕ ਦੂਰੀ ਅਤੇ ਜਲਦੀ ਟੈਸਟਿੰਗ।

ਬਦਕਿਸਮਤੀ ਨਾਲ, ਅਸੀਂ ਪਿਛਲੇ ਸਾਲ ਦੇ ਦੌਰਾਨ ਇੱਕ ਨਮੂਨਾ ਵੇਖਿਆ ਹੈ: ਇੱਕ ਵੱਡੀ ਛੁੱਟੀ ਤੋਂ ਥੋੜ੍ਹੇ ਸਮੇਂ ਬਾਅਦ ਨਵੇਂ COVID-19 ਕੇਸਾਂ ਵਿੱਚ ਵਾਧਾ। ਇਸ ਲਈ, ਜਿਵੇਂ-ਜਿਵੇਂ ਅਸੀਂ ਵਿਕਟੋਰੀਆ ਡੇਅ ਦੀ ਛੁੱਟੀ ਵਾਲੇ ਵੀਕਐਂਡ ਦੇ ਵੱਲ ਵੱਧ ਰਹੇ ਹਾਂ, ਅਸੀਂ ਇੱਕ ਵਾਰ ਫਿਰ ਤੁਹਾਨੂੰ ਮਦਦ ਅਤੇ ਸਹਿਯੋਗ ਕਰਨ ਲਈ ਕਹਿ ਰਹੇ ਹਾਂ।

**ਇਕੱਠੇ ਮਿਲ ਕੇ, ਅਸੀਂ ਇਸ ਚੱਕਰ ਨੂੰ ਤੋੜ ਸਕਦੇ ਹਾਂ। ਤੰਦਰੁਸਤ ਅਤੇ ਸੁਰੱਖਿਅਤ ਰਹੋ।**

ਸਮਾਪਤ ਕਰਦੇ ਹੋਏ, ਤੁਹਾਡੇ ਨਿਰੰਤਰ ਸਬਰ, ਸਮਰਪਣ ਅਤੇ ਸਿਹਤਮੰਦ Durham Region ਬਣਾਉਣ ਲਈ ਵਚਨਬੱਧਤਾ ਵਾਸਤੇ ਤੁਹਾਡਾ ਦੁਬਾਰਾ ਧੰਨਵਾਦ।

Cynthia Davis
ਪ੍ਰੈਜ਼ੀਡੈਂਟ ਅਤੇ CEO

Dr. Tony Stone
ਚੀਫ਼ ਆਫ਼ ਸਟਾਫ਼